9

# ਯਿਸੂ ਦੀ ਕਲੀਸੀਆ: ਬੰਦਗੀ (1)

ਜੇ ਸੰਗਠਨ ਦੇਹ ਦਾ ਢਾਂਚਾ ਹੈ, ਤਾਂ ਬੰਦਗੀ ਉਹਦਾ ਦਿਲ ਹੈ। ''ਤੂੰ ਪ੍ਰਭੂ ਆਪਣੇ ਪ੍ਰਮੇਸ਼ਵਰ ਨੂੰ ਸਿਜਦਾ ਕਰ ਅਤੇ ਓਸੇ ਇਕੱਲੇ ਦੀ ਉਪਾਸਨਾ ਕਰ'' (ਮੱਤੀ 4:10ਅ)।

*ਕੀ* ਕੀਤਾ ਹੈ ਅਤੇ *ਕਿਵੇਂ* ਕੀਤਾ ਹੈ, ਬੰਦਗੀ ਦੇ ਦੋ ਅਹਿਮ ਪਹਿਲੂ ਹਨ। ਯਿਸੂ ਨੇ ਸਾਮਰੀ ਔਰਤ ਨੂੰ ਦੱਸਿਆ ਸੀ, ''... ਸੱਚੇ ਅਰਾਧਕ ਆਤਮਾ ਅਰ ਸਚਿਆਈ ਨਾਲ ਪਿਤਾ ਦੀ ਬੰਦਗੀ ਕਰਨਗੇ ਕਿਉਂਕਿ ਪਿਤਾ ਇਹੋ ਜਿਹੇ ਅਰਾਧਕਾਂ ਨੂੰ ਚਾਹੁੰਦਾ ਹੈ। ਪ੍ਰਮੇਸ਼ਵਰ ਆਤਮਾ ਹੈ ਅਤੇ ਜੋ ਉਹ ਦੀ ਬੰਦਗੀ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਤਮਾ ਅਤੇ ਸਚਿਆਈ ਨਾਲ ਬੰਦਗੀ ਕਰਨ'' (ਯੂਹੰਨਾ 4:23, 24)। ਖ਼ੁਦਾ ਦੀ ਬੰਦਗੀ ''ਆਤਮਾ ਨਾਲ'' ਕਰਨ ਤੋਂ ਭਾਵ ਹੈ, ਦਿਲ ਨਾਲ ਬੰਦਗੀ ਕਰਨਾ। ਸੱਚੇ ਅਰਾਧਕ ਜੋ ਕਰ ਰਹੇ ਹਨ ਉਸ ਉੱਤੇ ਵਿਚਾਰ ਕਰਦੇ ਹਨ; ਉਹ ਆਪਣੇ ਵਿਚਾਰਾਂ ਨੂੰ ਸਵਰਗ ਵੱਲ ਲਿਜਾਂਦੇ ਹਨ। ''ਸੱਚਾਈ ਨਾਲ'' ਪ੍ਰਮੇਸ਼ਵਰ ਦੀ ਬੰਦਗੀ ਕਰਨ ਤੋਂ ਭਾਵ ਓਸੇ ਤਰ੍ਹਾਂ ਬੰਦਗੀ ਕਰਨਾ ਹੈ ਜਿਵੇਂ ਉਹਨੇ ਆਪਣੇ ਵਚਨ ਵਿਚ ਦੱਸਿਆ ਹੈ, ਕਿਉਂਕਿ ਯਿਸੂ ਨੇ ਕਿਹਾ ਸੀ ਕਿ ਪ੍ਰਮੇਸ਼ਵਰ ਦਾ ''ਵਚਨ ਸਚਿਆਈ ਹੈ'' (ਯੂਹੰਨਾ 17:17)।

ਇਸ ਅਤੇ ਅਗਲੇ ਪਾਠ ਵਿਚ ਅਸੀਂ ਵੇਖਾਂਗੇ ਕਿ ਯਿਸੂ ਦੀ ਕਲੀਸੀਆ ਵਿਚ ਬੰਦਗੀ ਬਾਰੇ ਪ੍ਰਮੇਸ਼ਵਰ ਦਾ ਵਚਨ ਕੀ ਸਿਖਾਉਂਦਾ ਹੈ। ਅਜਿਹਾ ਕਰਦਿਆਂ ਅਸੀਂ ਬੰਦਗੀ ਦੇ ''ਕੀ'' ਅਤੇ ''ਕਿਵੇਂ'' ਤੇ ਜ਼ੋਰ ਦਿਆਂਗੇ। ਪ੍ਰਮੇਸ਼ਵਰ ਦੀ ਬੰਦਗੀ ਵਿਚ ਸਹੀ ਕੰਮ ਅਤੇ ਸਹੀ ਢੰਗ ਦੋਹਾਂ ਦਾ ਹੋਣਾ ਜ਼ਰੂਰੀ ਹੈ।

## ਇਬਾਦਤ ਦਾ ਖਾਸ ਦਿਨ

ਹਫ਼ਤੇ ਦੇ ਕਿਸੇ ਵੀ ਦਿਨ ਅਸੀਂ ਬੰਦਗੀ ਕਰ ਸਕਦੇ ਹਾਂ। ਜਦ ਕਲੀਸੀਆ ਪਹਿਲਾਂ ਪਹਿਲ ਬਣੀ ਸੀ, ਤਾਂ ਮਸੀਹੀ ਲੋਕ ਹਰ ਰੋਜ਼ ਇਕੱਠੇ ਹੁੰਦੇ ਸਨ (ਰਸੂਲਾਂ ਦੇ ਕੰਮ 2:46)। ਫਿਰ ਵੀ, ਨਵਾਂ ਨੇਮ ਸਿਖਾਉਂਦਾ ਹੈ ਕਿ ਹਫ਼ਤੇ ਦਾ ਇਕ ਖ਼ਾਸ ਦਿਨ ਹੈ ਜਿਸ ਵਿਚ ਸਭ ਮਸੀਹੀ ਲੋਕਾਂ ਲਈ ਬੰਦਗੀ ਲਈ ਇਕੱਠੇ ਹੋਣਾ ਜ਼ਰੂਰੀ ਹੈ।

ਪੁਰਾਣੇ ਨੇਮ ਵਿਚ ਬੰਦਗੀ ਦਾ ਖ਼ਾਸ ਦਿਨ ਹਫ਼ਤੇ ਦਾ ਸਤਵਾਂ ਦਿਨ ਯਾਨੀ ਸੱਬਤ ਦਾ ਦਿਨ ਸੀ (ਕੂਚ 20:10, 11) ਜਿਸ ਨੂੰ ਅੱਜ ਸਨਿੱਚਰਵਾਰ ਕਿਹਾ ਜਾਂਦਾ ਹੈ। ਮਸੀਹੀਅਤ ਵਿਚ ਹਫ਼ਤੇ ਦਾ ਖ਼ਾਸ ਦਿਨ- ਹਫ਼ਤੇ ਦਾ ਪਹਿਲਾ ਦਿਨ ਯਾਨੀ ਐਤਵਾਰ ਹੈ। ਇਸ ਦਿਨ ਮਸੀਹ

ਮੁਰਦਿਆਂ ਵਿੱਚੋਂ ਜੀ ਉੱਠਿਆ ਸੀ (ਮੱਤੀ 28:1, 6)। ਇਸ ਦਿਨ ਮਸੀਹੀ ਲੋਕ ਇਕੱਠੇ ਹੋ ਕੇ (1 ਕੁਰਿੰਥੀਆਂ 16:2), ਪ੍ਰਭੂ-ਭੋਜ ਵਿਚ ਭਾਗ ਲੈਂਦੇ ਸਨ (ਰਸੂਲਾਂ ਦੇ ਕੰਮ 20:7)। ਐਤਵਾਰ ਨੂੰ ''ਪ੍ਰਭੂ ਦਾ ਦਿਨ'' (ਪ੍ਰਕਾਸ਼ ਦੀ ਪੋਥੀ 1:10) ਕਿਹਾ ਗਿਆ ਹੈ।[1]

ਅਸੀਂ ਬੰਦਗੀ ਵਿਚ ਕੀਤੀਆਂ ਜਾਣ ਵਾਲੀਆਂ ਪੰਜ ਗੱਲਾਂ ਦਾ ਅਧਿਐਨ ਕਰਾਂਗੇ। ਇਨ੍ਹਾਂ ਵਿੱਚੋਂ ਤਿੰਨ ਯਾਨੀ ਬਾਈਬਲ ਅਧਿਐਨ, ਦੁਆ ਅਤੇ ਗੀਤ ਗਾਉਣਾ ਕਿਸੇ ਵੀ ਦਿਨ ਕੀਤਾ ਜਾ ਸਕਦਾ ਹੈ। ਬਾਕੀ ਦੋ ਜਿਨ੍ਹਾਂ ਦਾ ਸਬੰਧ ਹਫ਼ਤੇ ਦੇ ਪਹਿਲੇ ਦਿਨ ਨਾਲ ਹੈ, ਉਹ ਹਨ ਪ੍ਰਭੂ-ਭੋਜ ਅਤੇ ਚੰਦਾ।

## ਇਬਾਦਤ ਵਿਚ ਕੀਤੇ ਜਾਣ ਵਾਲੇ ਕੰਮ

### ਪ੍ਰਭੂ ਭੋਜ

ਬੰਦਗੀ ਵਿਚ ਕੀਤੇ ਜਾਣ ਵਾਲੇ ਜਿਸ ਕੰਮ ਤੇ ਸਭ ਤੋਂ ਪਹਿਲਾਂ ਅਸੀਂ ਧਿਆਨ ਦੇਣਾ ਚਾਹੁੰਦੇ ਹਾਂ ਉਹ ਹੈ ਪ੍ਰਭੂ ਭੋਜ। ਆਪਣੇ ਚੇਲਿਆਂ ਨਾਲ ਆਖ਼ਰੀ ਪਸਾਹ[2] ਦੇ ਪਰਬ ਤੇ ਯਿਸੂ ਨੇ ਪ੍ਰਭੂ ਭੋਜ ਦੀ ਸ਼ੁਰੂਆਤ ਕੀਤੀ।

> ... ਪ੍ਰਭੂ ਯਿਸੂ ਨੇ ਜਿਸ ਰਾਤ ਉਹ ਫੜਵਾਇਆ ਗਿਆ ਸੀ ਰੋਟੀ ਲਈ ਅਤੇ ਸ਼ੁਕਰ ਕਰ ਕੇ ਤੋੜੀ ਅਤੇ ਕਿਹਾ, ''ਇਹ ਮੇਰਾ ਸਰੀਰ ਹੈ ਜੋ ਤੁਹਾਡੇ ਲਈ ਹੈ। ਮੇਰੀ ਯਾਦਗੀਰੀ ਲਈ ਇਹੀ ਕਰਿਆ ਕਰੋ।'' ਇਸੇ ਤਰਾਂ ਉਸ ਨੇ ਭੋਜਨ ਖਾਣ ਦੇ ਪਿੱਛੋਂ ਪਿਆਲਾ ਵੀ ਲਿਆ ਅਤੇ ਕਿਹਾ ਕਿ ''ਇਹ ਪਿਆਲਾ ਮੇਰੇ ਲਹੂ ਵਿਚ ਨਵਾਂ ਨੇਮ ਹੈ। ਜਦ ਕਦੇ ਤੁਸੀਂ ਇਹ ਨੂੰ ਪੀਓ ਤਾਂ ਮੇਰੀ ਯਾਦਗੀਰੀ ਲਈ ਇਹੀ ਕਰਿਆ ਕਰੋ।'' ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪੀਓ ਤਾਂ ਤੁਸੀਂ ਪ੍ਰਭੂ ਦੀ ਮੌਤ ਦਾ ਪ੍ਰਚਾਰ ਕਰਦੇ ਰਹਿੰਦੇ ਹੋ ਜਦ ਤੀਕਰ ਉਹ ਨਾ ਆਵੇ। ਇਸ ਕਰਕੇ ਜੋ ਕੋਈ ਅਯੋਗਤਾ ਨਾਲ ਇਹ ਰੋਟੀ ਖਾਵੇ[3] ਅਥਵਾ ਪ੍ਰਭੂ ਦਾ ਪਿਆਲਾ ਪੀਵੇ ਸੋ ਪ੍ਰਭੂ ਦੇ ਸਰੀਰ ਅਤੇ ਲਹੂ ਦਾ ਦੋਸ਼ੀ ਹੋਵੇਗਾ। ਪਰ ਮਨੁੱਖ ਆਪਣੇ ਆਪ ਨੂੰ ਪਰਖੇ ਅਤੇ ਇਉਂ ਇਸ ਰੋਟੀ ਵਿੱਚੋਂ ਖਾਵੇ ਅਤੇ ਪਿਆਲੇ ਵਿੱਚੋਂ ਪੀਵੇ (1 ਕੁਰਿੰਥੀਆਂ 11:23-28)।[4]

ਪ੍ਰਭੂ ਭੋਜ ਦੀ ਸ਼ੁਰੂਆਤ ਕਰਦਿਆਂ ਯਿਸੂ ਨੇ ਅਖ਼ਮੀਰੀ ਰੋਟੀ[5] ਅਤੇ ਦਾਖ ਦੇ ਰਸ[6] ਦੀ ਵਰਤੋਂ ਕੀਤੀ। ਭੋਜ ਦੇ ਇਸ ਪਹਿਲੇ ਸਮਾਰੋਹ ਵਿਚ ਭਾਗ ਲੈਣ ਵਾਲਿਆਂ ਨੇ ਰੋਟੀ ਅਤੇ ਦਾਖ ਰਸ ਦੋਹਾਂ ਵਿੱਚੋਂ ਹੀ ਲਿਆ।[7]

ਜਦ ਯਿਸੂ ਨੇ ਕਿਹਾ, ''ਇਹ ਮੇਰੀ ਦੇਹ ਹੈ,'' ਤਾਂ ਉਹਦਾ ਭਾਵ ਇਹ ਨਹੀਂ ਸੀ ਕਿ ਰੋਟੀ ਭੇਤ ਭਰੇ ਅਤੇ ਜਾਦੂਮਈ ਢੰਗ ਨਾਲ ਉਹਦੇ ਮਾਸ ਵਿਚ ਬਦਲ ਗਈ ਸੀ। ਉਹ ਉਨ੍ਹਾਂ ਦੇ ਸਾਹਮਣੇ ਖੜਾ ਸੀ, ਉਹਦਾ ਮਾਸ ਓਸੇ ਤਰ੍ਹਾਂ ਹੀ ਸੀ। ਉਹਦਾ ਭਾਵ ਉਹੀ ਸੀ ਜੋ ਆਪਣੇ ਬਟੂਏ ਵਿੱਚੋਂ ਇਕ ਤਸਵੀਰ ਕੱਢ ਕੇ ਵਿਖਾਉਂਦਿਆਂ ਮੇਰੇ ਇਹ ਕਹਿਣ ਦਾ ਹੁੰਦਾ ਹੈ ਕਿ ''ਇਹ ਮੇਰੇ ਦੋਹਤੇ-ਪੋਤੇ ਹਨ।'' ਤਸਵੀਰ ਤੋਂ ਮੇਰੇ ਦੋਹਤਿਆਂ ਪੋਤਿਆਂ ਦਾ ਪਤਾ ਲਗਦਾ ਹੈ। ਇਸੇ ਤਰ੍ਹਾਂ ਅਖ਼ਮੀਰੀ ਰੋਟੀ ਤੋਂ ਮਸੀਹ ਦਾ ਪਤਾ ਲਗਦਾ ਹੈ ਅਤੇ ਦਾਖ ਦੇ ਰਸ ਤੋਂ ਉਹਦੇ ਲਹੂ ਦਾ।

ਪ੍ਰਭੂ ਭੋਜ ਨੂੰ ਕਈ ਵਾਰ ''ਸਾਂਝ'' (1 ਕੁਰਿੰਥੀਆਂ 10:16) ਜਾਂ ''ਪ੍ਰਭੂ ਦੀ

ਮੇਜ਼'' (1 ਕੁਰਿੰਥੀਆਂ 10:21) ਕਿਹਾ ਜਾਂਦਾ ਹੈ। ਇਸ ਦੀ ਸ਼ੁਰੂਆਤ ਬੰਦਗੀ ਕਰਨ ਵਾਲੇ ਦੁਆਰਾ ਅਖ਼ਮੀਰੀ ਰੋਟੀ ਤੋੜਨ ਨਾਲ ਹੁੰਦੀ ਹੈ, ਇਸ ਲਈ ਬੰਦਗੀ ਦੇ ਇਸ ਕੰਮ ਨੂੰ ''ਰੋਟੀ ਤੋੜਨਾ'' ਵੀ ਕਿਹਾ ਜਾਂਦਾ ਹੈ:[8] ਪਹਿਲੀ ਸਦੀ ਦੇ ਮਸੀਹੀ ''... ਰੋਟੀ ਤੋੜਨ ... ਵਿਚ ਲੱਗੇ ਰਹੇ'' (ਰਸੂਲਾਂ ਦੇ ਕੰਮ 2:42)।

ਨਵੇਂ ਨੇਮ ਵਿਚ ਕਲੀਸੀਆ ਹਰ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਭੋਜ ਵਿਚ ਭਾਗ ਲੈਂਦੀ ਸੀ। ਕਲੀਸੀਆ ਹਰ ਹਫ਼ਤੇ ਦੇ ਪਹਿਲੇ ਦਿਨ ਇਕੱਠੀ ਹੁੰਦੀ ਸੀ (ਵੇਖੋ 1 ਕੁਰਿੰਥੀਆਂ 16:1, 2)। ਉਨ੍ਹਾਂ ਦੀ ਬੰਦਗੀ ਦੀ ਮੁੱਖ ਗੱਲ ਪ੍ਰਭੂ ਭੋਜ ਲੈਣਾ ਹੀ ਹੁੰਦੀ ਸੀ। ਰਸੂਲਾਂ ਦੇ ਕੰਮ 20 ਅਧਿਆਇ ਵਿਚ ਅਸੀਂ ਪੜ੍ਹਦੇ ਹਾਂ ਕਿ ਪੌਲੁਸ, ਲੂਕਾ ਅਤੇ ਹੋਰ ਲੋਕ ਤ੍ਰੋਆਸ ਵਿਚ ਪਹੁੰਚੇ। ਬਾਅਦ ਵਿਚ ਲੂਕਾ ਨੇ ਲਿਖਿਆ, ''ਹਫ਼ਤੇ ਦੇ ਪਹਿਲੇ ਦਿਨ ਜਾਂ ਅਸੀਂ ਰੋਟੀ ਤੋੜਨ ਲਈ ਇਕੱਠੇ ਹੋਏ ਤਾਂ ਪੌਲੁਸ ... ਉਪਦੇਸ਼ ਕਰਦਾ ਰਿਹਾ'' (ਰਸੂਲਾਂ ਦੇ ਕੰਮ 20:7)। ਤ੍ਰੋਆਸ ਵਿਚ ਹਫ਼ਤੇ ਦੇ ਪਹਿਲੇ ਦਿਨ ਮੰਡਲੀ ਦੇ ਇਕੱਠੇ ਹੋਣ ਦਾ ਮਕਸਦ ਰੋਟੀ ਤੋੜਨਾ ਸੀ। ਸ਼ੁਰੂਆਤੀ ਸਦੀਆਂ ਦੀ ਕਲੀਸੀਆ ਵਿਚ ਮਸੀਹੀ ਲੋਕਾਂ ਦੇ ਲੇਖਾਂ ਤੋਂ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਨੇ ਇਹ ਰਵਾਇਤ ਕਈ ਸਾਲ ਤਕ ਜਾਰੀ ਰੱਖੀ ਯਾਨੀ ਹਰ ਹਫ਼ਤੇ ਦੇ ਪਹਿਲੇ ਦਿਨ ਮਸੀਹੀ ਲੋਕਾਂ ਦੇ ਇਕੱਠੇ ਹੋਣ ਤੇ ਪ੍ਰਭੂ ਭੋਜ ਖ਼ਾਸ ਗੱਲ ਹੁੰਦੀ ਸੀ।

ਪ੍ਰਭੂ ਭੋਜ ਵਿਚ ਪ੍ਰਮੇਸ਼ਵਰ ਨੂੰ ਖ਼ੁਸ਼ ਕਰਨ ਲਈ, ਸਹੀ ਗੱਲਾਂ ਕਰਨਾ ਜ਼ਰੂਰੀ ਹੈ। ਮਸੀਹੀ ਲੋਕਾਂ ਲਈ ਅਖ਼ਮੀਰੀ ਰੋਟੀ ਅਤੇ ਦਾਖ ਦੇ ਰਸ ਦੋਹਾਂ ਵਿਚ ਭਾਗ ਲੈਣਾ ਜ਼ਰੂਰੀ ਹੈ ਅਤੇ ਉਨ੍ਹਾਂ ਨੂੰ ਇਹ ਹਰ ਹਫ਼ਤੇ ਦੇ ਪਹਿਲੇ ਦਿਨ ਕਰਨਾ ਚਾਹੀਦਾ ਹੈ। ਇਸ ਨੂੰ ਸਹੀ ਢੰਗ ਨਾਲ ਲੈਣਾ ਵੀ ਜ਼ਰੂਰੀ ਹੈ: ਬੰਦਗੀ ਕਰਨ ਵਾਲਿਆ ਨੂੰ ਆਪਣਾ ਧਿਆਨ ਯਿਸੂ ਦੀ ਕੁਰਬਾਨੀ ਵੱਲ ਲਾਉਣਾ ਚਾਹੀਦਾ ਹੈ ਕਿ ਉਸ ਕੁਰਬਾਨੀ ਦਾ ਉਨ੍ਹਾਂ ਲਈ ਕੀ ਮਹੱਤਵ ਹੈ। (1 ਕੁਰਿੰਥੀਆਂ 11:26-29 ਦੁਬਾਰਾ ਪੜ੍ਹੋ।)

### ਪ੍ਰਮੇਸ਼ਵਰ ਦਾ ਵਚਨ

ਤ੍ਰੋਆਸ ਵਿਚ ਜਦ ਕਲੀਸੀਆ ਪ੍ਰਭੂ ਭੋਜ ਲੈਣ ਲਈ ਇਕੱਠੀ ਹੋਈ ਤਾਂ ਪੌਲੁਸ ਨੇ ਉਨ੍ਹਾਂ ਨਾਲ ਪ੍ਰਮੇਸ਼ਵਰ ਦੀ ਇੱਛਾ ਦੀ ਗੱਲ ਕੀਤੀ (ਰਸੂਲਾਂ ਦੇ ਕੰਮ 20:7)।[9] ਕਿਸੇ ਨੂੰ ਪ੍ਰਮੇਸ਼ਵਰ ਦੇ ਨੇੜੇ ਲਿਆਉਣ ਲਈ ਪ੍ਰਮੇਸ਼ਵਰ ਦੇ ਵਚਨ 'ਚੋਂ ਸੁਣਾਉਣਾ ਜਾਂ ਸਿਖਾਉਣਾ ਇਕ ਅਹਿਮ ਤਰੀਕਾ ਹੈ। ਮੁਢਲੀ ਕਲੀਸੀਆ ਅਕਸਰ ਪੜ੍ਹੇ ਹੋਏ ਵਚਨ ਨੂੰ ਸੁਣਨ ਅਤੇ ਉਸ ਉੱਤੇ ਵਿਚਾਰ ਕਰਨ ਲਈ ਇਕੱਠੀ ਹੁੰਦੀ ਸੀ (ਰਸੂਲਾਂ ਦੇ ਕੰਮ 2:42; ਕੁਲੁੱਸੀਆਂ 4:16)।

ਕਲੀਸੀਆ ਦੀ ਆਮ ਬੰਦਗੀ ਦੌਰਾਨ ਸੁਣਾਏ ਜਾਣ ਵਾਲੇ ਵਚਨ ਤੇ ਬਾਈਬਲ ਕੁਝ ਪਾਬੰਦੀਆਂ ਲਾਉਂਦੀ ਹੈ। ਪ੍ਰਮੇਸ਼ਵਰ ਦਾ ਵਚਨ ਸੁਣਾਇਆ ਜਾਣਾ ਚਾਹੀਦਾ ਹੈ, ਨਾ ਕਿ ਮਨੁੱਖਾਂ ਦੇ ਵਿਚਾਰ ਜਾਂ ਕਥਾ ਕਹਾਣੀਆਂ (2 ਤਿਮੋਥਿਉਸ 4:1-4)।[10] ਆਮ ਸਭਾਵਾਂ ਵਿਚ ਪ੍ਰਚਾਰ ਕਰਨ ਅਤੇ ਸਿੱਖਿਆ ਦੇਣ ਦਾ ਕੰਮ ਸਿਰਫ਼ ਪੁਰਖ ਹੀ ਕਰਨ (1 ਕੁਰਿੰਥੀਆਂ 14:34)।[11]

ਪਰ ਬਾਈਬਲ ਮੁਤਾਬਕ ਵਚਨ ਸੁਣਾਉਣ ਅਤੇ ਸਿੱਖਿਆ ਦੇ ''ਕੀ'' ਦਾ ਪਾਲਣ ਕਰਨਾ ਹੀ ਕਾਫ਼ੀ ਨਹੀਂ ਹੈ। ਪ੍ਰਚਾਰਕ ਦੁਆਰਾ ਪ੍ਰਮੇਸ਼ਵਰ ਦੀ ਪਸੰਦ ਦਾ ਵਚਨ ਸੁਣਾਉਣ ਦਾ ਮਤਲਬ ਇਹ ਨਹੀਂ ਹੈ ਕਿ ਸੁਣਨ ਵਾਲਾ ਹਰ ਬੰਦਾ ਬੰਦਗੀ ਕਰ ਰਿਹਾ ਹੈ। ਬੰਦਗੀ ਤਾਂ ਸੁਣਨ ਵਾਲੇ ਦੇ ਦਿਲੋਂ ਹੋਣੀ ਚਾਹੀਦੀ ਹੈ। ਮੌਜੂਦ ਲੋਕਾਂ ਵਿੱਚੋਂ ਹਰ ਕਿਸੇ ਲਈ ਧਿਆਨ ਨਾਲ ਸੁਣਨਾ ਅਤੇ

ਉਸ ਨੂੰ ਆਪਣੀ ਜ਼ਿੰਦਗੀ ਵਿਚ ਉਤਾਰਣ ਲਈ ਬੰਦਗੀ ਵਿਚ ਭਾਗ ਲੈਣਾ ਜ਼ਰੂਰੀ ਹੈ।

**ਪ੍ਰਾਰਥਨਾ**

ਬੰਦਗੀ ਦਾ ਇਕ ਅਹਿਮ ਭਾਗ ਪ੍ਰਾਰਥਨਾ ਹੈ। ਪੌਲੁਸ ਨੇ ਥੱਸਲੁਨੀਕੇ ਦੇ ਮਸੀਹੀ ਲੋਕਾਂ ਨੂੰ ਦੱਸਿਆ ਸੀ ਕਿ ''ਨਿੱਤ ਪ੍ਰਾਰਥਨਾ ਕਰੋ'' (1 ਥੱਸਲੁਨੀਕੀਆਂ 5:17)। ਕਿਸੇ ਨੇ ਕਿਹਾ ਹੈ ਕਿ ਜਦ ਅਸੀਂ ਬਾਈਬਲ ਪੜ੍ਹਦੇ ਹਾਂ ਤਾਂ ਪ੍ਰਮੇਸ਼ਵਰ ਸਾਡੇ ਨਾਲ ਗੱਲ ਕਰ ਰਿਹਾ ਹੁੰਦਾ ਹੈ, ਅਤੇ ਜਦ ਅਸੀਂ ਦੁਆ ਕਰ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਪ੍ਰਮੇਸ਼ਵਰ ਨਾਲ ਗੱਲ ਕਰ ਰਹੇ ਹੁੰਦੇ ਹਾਂ। ਨਵੇਂ ਨੇਮ ਵਿਚ, ਮਸੀਹੀ ਲੋਕ ਇਕੱਠੇ ਹੋਣ ਸਮੇਂ ਦੁਆ ਕਰਦੇ ਸਨ (ਰਸੂਲਾਂ ਦੇ ਕੰਮ 2:42; 4:23, 24; 6:6; 12:12)।

ਪ੍ਰਾਰਥਨਾ ਸਭਾ ਵਿਚ ਅਤੇ ਇਕੱਲੇ ਬੰਦਗੀ ਦੋਹਾਂ ਦਾ ਹੀ ਅਹਿਮ ਭਾਗ ਹੈ। ਹਰ ਮਸੀਹੀ ਲਈ ਪ੍ਰਾਰਥਨਾ ਭਰੇ ਜੀਵਨ ਵਿਚ ਲਗਾਤਾਰ ਵਧਦੇ ਰਹਿਣਾ ਜ਼ਰੂਰੀ ਹੈ (ਮੱਤੀ 6:5-15; 14:23; ਲੂਕਾ 5:16; ਰਸੂਲਾਂ ਦੇ ਕੰਮ 10:9; 16:25)।

ਸਭਾ ਵਿਚ ਬੰਦਗੀ ਵਿਚ ਆਮ ਤੌਰ ਤੇ ਮੰਡਲੀ ਦੇ ਪੁਰਖ ਹੀ ਦੁਆਵਾਂ ਵਿਚ ਅਗਵਾਈ ਕਰਦੇ ਹਨ। ਪੌਲੁਸ ਨੇ ਲਿਖਿਆ ਹੈ, ''ਉਪਰੰਤ ਮੈਂ ਇਹ ਚਾਹੁੰਦਾ ਹਾਂ ਕਿ ਪੁਰਖ ਸਭਨੀਂ ਥਾਈਂ ਕ੍ਰੋਧ ਅਤੇ ਵਿਵਾਦ ਤੋਂ ਬਿਨਾਂ ਪਵਿੱਤਰ ਹੱਥ ਅੱਡ ਕੇ ਪ੍ਰਾਰਥਨਾ ਕਰਨ'' (1 ਤਿਮੋਥਿਉਸ 2:8)। ਇੱਥੇ ਵਰਤਿਆ ਗਿਆ ''ਪੁਰਖ'' ਸ਼ਬਦ ਇਕ ਖ਼ਾਸ ਸ਼ਬਦ ਹੈ ਜਿਸ ਦਾ ਅਰਥ ''ਔਰਤਾਂ'' ਨਹੀਂ, ਸਗੋਂ ''ਆਦਮੀ'' ਹੈ। ਆਮ ਲੋਕਾਂ ਵਿਚ ਬੰਦਗੀ ਸਮੇਂ ਪ੍ਰਾਰਥਨਾ ਵਿਚ ਅਗਵਾਈ ਸਿਰਫ਼ ਪੁਰਖ ਹੀ ਕਰਨ।

ਫੇਰ, ਆਮ ਪ੍ਰਾਰਥਨਾ ਦੇ ''ਕੀ'' ਨੂੰ ਅਸਲ ਬੰਦਗੀ ਦੇ ਬਿਨਾਂ ਵੇਖਿਆ ਜਾ ਸਕਦਾ ਹੈ। ਪ੍ਰਾਰਥਨਾ ਕਰਨ ਵਾਲੇ ਆਗੂ ਲਈ ਪ੍ਰਮੇਸ਼ਵਰ ਦੀ ਹਜ਼ੂਰੀ ਤੋਂ ਵਾਕਫ਼ ਹੋਣਾ ਜ਼ਰੂਰੀ ਹੈ ਅਤੇ ਦੁਆ ਲੋਕਾਂ ਨੂੰ ਸੁਣਾਉਣ ਦੀ ਬਜਾਏ ਪ੍ਰਮੇਸ਼ਵਰ ਅੱਗੇ ਹੋਣੀ ਚਾਹੀਦੀ ਹੈ। ਜਿਨ੍ਹਾਂ ਲੋਕਾਂ ਦੀ ਦੁਆ ਵਿਚ ਅਗਵਾਈ ਹੋ ਰਹੀ ਹੈ ਉਨ੍ਹਾਂ ਨੂੰ ਚਾਹੀਦਾ ਹੈ ਕਿ ਆਪਣੇ ਮਨਾਂ ਵਿਚ ਦੁਆ ਕਰਨ ਅਤੇ ਆਪਣੀਆਂ ਬੇਨਤੀਆਂ ਅਤੇ ਧੰਨਵਾਦ ਉਹਦੇ ਨਾਲ ਮਿਲਾਉਣ। ਤਾਂ ਹੀ ਉਹ ''ਆਮੀਨ'' (ਉੱਚੀ ਅਵਾਜ਼ ਵਿਚ ਜਾਂ ਆਪਣੇ ਮਨ ਵਿਚ) ਕਹਿ ਸਕਦੇ ਹਨ, ਅਤੇ ਇਹ ਸਭ ਗੰਭੀਰਤਾ ਨਾਲ ਅਤੇ ਸਮਝਦਾਰੀ ਨਾਲ ਹੋਣਾ ਚਾਹੀਦਾ ਹੈ (1 ਕੁਰਿੰਥੀਆਂ 14:16; ਮੱਤੀ 6:13 ਵੀ ਵੇਖੋ; ਰੋਮੀਆਂ 16:27; ਅਫ਼ਸੀਆਂ 3:21)।[12]

**ਚੰਦਾ**

ਪ੍ਰਮੇਸ਼ਵਰ ਦੀ ਸ਼ੁਕਰਗੁਜ਼ਾਰੀ ਕਰਨ ਦਾ ਇਕ ਢੰਗ ਹਰ ਹਫ਼ਤੇ ਦੇ ਪਹਿਲੇ ਦਿਨ ਚੰਦਾ ਦੇਣਾ ਹੈ।[13] ਕੁਰਿੰਥੁਸ ਦੀ ਕਲੀਸੀਆ ਨੂੰ ਪੌਲੁਸ ਨੇ ਦੱਸਿਆ ਸੀ:

> ਹੁਣ ਉਸ ਚੰਦੇ ਦੇ ਵਿਖੇ ਜਿਹੜਾ ਸੰਤਾਂ ਲਈ ਹੈ ਜਿਵੇਂ ਮੈਂ ਗਲਾਤੀਆ ਦੀਆਂ ਕਲੀਸੀਆਵਾਂ ਨੂੰ ਆਗਿਆ ਦਿੱਤੀ ਸੀ ਤਿਵੇਂ ਤੁਸੀਂ ਵੀ ਕਰੋ। ਹਰ ਹਫ਼ਤੇ ਦੇ ਪਹਿਲੇ ਦਿਨ ਤੁਹਾਡੇ ਵਿੱਚੋਂ ਹਰੇਕ ਆਪਣੀ ਉਕਾਤ ਅਨੁਸਾਰ[14] ਵੱਖ ਕਰ ਕੇ ਆਪਣੇ ਕੋਲ ਰੱਖ ਛੱਡੇ ਕਿ ਜਦ ਮੈਂ ਆਵਾਂ ਤਦ ਉਗਰਾਹੀ ਨਾ ਕਰਨੀ ਪਵੇ (1 ਕੁਰਿੰਥੀਆਂ

16:1, 2)।

ਪੁਰਾਣੇ ਨੇਮ ਵਿਚ ਬੰਦਗੀ ਕਰਨ ਵਾਲਿਆਂ ਲਈ ਚੰਦੇ ਦਾ ਇਕ ਖ਼ਾਸ ਪ੍ਰਤੀਸ਼ਤ ਠਹਿਰਾਇਆ ਹੋਇਆ ਸੀ: ਜਿੰਨਾ ਬੰਦਗੀ ਕਰਨ ਵਾਲੇ ਕੋਲ ਹੁੰਦਾ ਸੀ ਉਹਦਾ ਦਸ ਫ਼ੀਸਦੀ। ਇਸ ਨੂੰ ''ਦਸਵੰਧ'' ਕਿਹਾ ਜਾਂਦਾ ਸੀ (ਲੇਵੀਆਂ 27:30; ਵਿਵਸਥਾਸਾਰ 14:22; ਮਲਾਕੀ 3:8-10)। ਨਵਾਂ ਨੇਮ ਮਸੀਹੀ ਲੋਕਾਂ ਲਈ ਚੰਦਾ ਦੇਣ ਲਈ ਕੋਈ ਪ੍ਰਤੀਸ਼ਤ ਨਹੀਂ ਠਹਿਰਾਉਂਦਾ। ਸਗੋਂ ਇਹ ਸਿਖਾਉਂਦਾ ਹੈ ਕਿ ਆਪਣੀ ਮਰਜ਼ੀ ਨਾਲ, ਖੁੱਲ੍ਹਦਿਲੀ ਅਤੇ ਖੁਸ਼ੀ ਨਾਲ (2 ਕੁਰਿੰਥੀਆਂ 9:6, 7), ''ਆਪਣੀ ਉਕਾਤ ਅਨੁਸਾਰ'' ਦਿਓ (1 ਕੁਰਿੰਥੀਆਂ 16:2)। ਮੈਂ ਅਜਿਹੇ ਮਸੀਹੀ ਲੋਕਾਂ ਨੂੰ ਜਾਣਦਾ ਹਾਂ ਜਿਹੜੇ ਆਪਣੀ ਆਮਦਨ ਦਾ ਦਸ ਫ਼ੀਸਦੀ ਜਾਂ ਇਸ ਤੋਂ ਵੀ ਵੱਧ ਦਿੰਦੇ ਹਨ, ਪਰ ਅਜਿਹਾ ਉਹ ਕਿਸੇ ਦੇ ਦਬਾਅ ਕਾਰਣ ਨਹੀਂ ਸਗੋਂ ਸ਼ੁਕਰਗੁਜ਼ਾਰੀ ਦੇ ਤੌਰ ਤੇ ਦਿੰਦੇ ਹਨ।

ਹੋ ਸਕਦਾ ਹੈ ਕਿ ''ਉਕਾਤ ਅਨੁਸਾਰ'' ਦੇਣ ਦੇ ਬਾਵਜੂਦ ਵੀ ਕੋਈ ਬੰਦਗੀ ਨਾ ਕਰ ਰਿਹਾ ਹੋਵੇ। ਬੰਦਗੀ ਕਰਨ ਵਾਲੇ ਲਈ ਜ਼ਰੂਰੀ ਹੈ ਕਿ ਉਹ ਉਹਨੂੰ ਮਿਲਣ ਵਾਲੀਆਂ ਬਰਕਤਾਂ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰਦੇ ਹੋਏ ਆਪਣੇ ਦਾਨ ਪ੍ਰਮੇਸ਼ਵਰ ਦੀ ਹਜ਼ੂਰੀ ਵਿਚ ਕਬੂਲ ਕਰਨ ਲਈ ਦੁਆ ਵੀ ਨਾਲ ਭੇਜੇ।

**ਗੀਤ ਗਾਉਣਾ**

ਬੰਦਗੀ ਵਿਚ ਕੀਤਾ ਜਾਣ ਵਾਲਾ ਪੰਜਵਾਂ ਕੰਮ ਗਾਉਣਾ ਹੈ। ਪੌਲੁਸ ਨੇ ਕੁਲੁੱਸੇ ਦੀ ਕਲੀਸੀਆ ਨੂੰ ਹੁਕਮ ਕੀਤਾ ਸੀ, ''ਮਸੀਹ ਦਾ ਵਚਨ ਪੂਰੀ ਬੁੱਧ ਨਾਲ ਤੁਹਾਡੇ ਵਿੱਚ ਬਹੁਤਾ ਕਰਕੇ ਵੱਸੇ ਅਤੇ ਤੁਸੀਂ ਜ਼ਬੂਰਾਂ ਅਤੇ ਭਜਨਾਂ ਅਤੇ ਆਤਮਿਕ ਗੀਤਾਂ ਦੁਆਰਾ ਇਕ ਦੂਏ ਨੂੰ ਉਪਦੇਸ਼ ਦਿਆ ਕਰੋ ਅਤੇ ਚਿਤਾਰਿਆ ਕਰੋ ਅਤੇ ਕਿਰਪਾ ਨਾਲ ਪ੍ਰਮੇਸ਼ਵਰ ਨੂੰ ਆਪਣਿਆਂ ਮਨਾਂ ਵਿਚ ਗਾਇਆ ਕਰੋ'' (ਕੁਲੁੱਸੀਆਂ 3:16)। ਗਾਉਣ ਦੀ ਆਪਣੀ ਚਰਚਾ ਨੂੰ ਅਸੀਂ ਅਗਲੇ ਪਾਠ ਤਕ ਇੱਥੇ ਹੀ ਛੱਡਦੇ ਹਾਂ, ਪਰ ਇਸ ਆਇਤ ਵਿਚ ਬੰਦਗੀ ਦੇ ''ਕੀ'' ਤੇ ਜ਼ੋਰ ਦਿੱਤਾ ਗਿਆ ਹੈ; ''ਇਕ ਦੂਜੇ ਨੂੰ ਉਪਦੇਸ਼ ਦਿਆ ਕਰੋ ਅਤੇ ਚਿਤਾਰਿਆ ਕਰੋ ਅਤੇ ਪ੍ਰਮੇਸ਼ਵਰ ਨੂੰ ਆਪਣਿਆਂ ਮਨਾਂ ਵਿਚ ਗਾਇਆ ਕਰੋ।'' ''ਕਿਰਪਾ ਨਾਲ ਆਪਣਿਆਂ ਮਨਾਂ'' ਵਿਚ ਬੰਦਗੀ ਦੇ ''ਕਿਵੇਂ'' ਤੇ ਵੀ ਜ਼ੋਰ ਦਿੱਤਾ ਗਿਆ ਹੈ।

## ਇਬਾਦਤ ਦੀ ਅਹਿਮੀਅਤ

ਆਮ ਲੋਕਾਂ ਵਿਚ ਬੰਦਗੀ ਤੇ ਜ਼ੋਰ ਦਿੰਦਿਆਂ, ਅਸੀਂ ਨਵੇਂ ਨੇਮ ਵਿਚ ਬੰਦਗੀ ਦੀ ਸਿੱਖਿਆ ਬਾਰੇ ਚਰਚਾ ਕੀਤੀ ਹੈ। ਹੁਣ ਸਾਨੂੰ ਪੁੱਛਣਾ ਚਾਹੀਦਾ ਹੈ ਕਿ ''ਬੰਦਗੀ ਲਈ ਸਾਡੇ ਇਕੱਠੇ ਹੋਣ ਜਾਂ ਨਾ ਹੋਣ ਤੇ ਕੁਝ ਫ਼ਰਕ ਪੈਂਦਾ ਹੈ ਜਾਂ ਨਹੀਂ?'' ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਬੰਦਗੀ ਵਿਚ ਜਾਂਦੇ ਰਹਿਣਾ ਜ਼ਰੂਰੀ ਨਹੀਂ ਹੈ। ਬਾਈਬਲ ਕੀ ਦੱਸਦੀ ਹੈ? ਕਈਆਂ ਨੂੰ ਇਹ ਜਾਣਕੇ ਹੈਰਾਨੀ ਹੋਵੇਗੀ ਕਿ ਪ੍ਰਮੇਸ਼ਵਰ ਨੇ ਇਸ ਵਿਸ਼ੇ ਤੇ ਵੀ ਗੱਲ ਕੀਤੀ ਹੈ।

ਇਬਰਾਨੀਆਂ ਦੀ ਕਿਤਾਬ ਉਨ੍ਹਾਂ ਮਸੀਹੀ ਲੋਕਾਂ ਵਾਸਤੇ ਲਿਖੀ ਗਈ ਸੀ ਜਿਹੜੇ ਕਦੇ ਵਿਸ਼ਵਾਸੀ ਸਨ (ਇਬਰਾਨੀਆਂ 10:32-34)। ਪਰ ਕਿਸੇ ਕਾਰਣ ਬੇਪਰਵਾਹ ਹੋ ਕੇ ਉਹ

ਬੰਦਗੀ ਨੂੰ ਨਜ਼ਰਅੰਦਾਜ਼ ਕਰਨ ਲੱਗ ਪਏ ਸਨ (ਇਬਰਾਨੀਆਂ 2:3)। ਕਲੀਸੀਆ ਦੀਆਂ ਸਭਾਵਾਂ ਵਿਚ ਉਨ੍ਹਾਂ ਦੀ ਹਾਜ਼ਰੀ ਵੀ ਘਟ ਗਈ ਸੀ (ਇਬਰਾਨੀਆਂ 10:25)। ਉਨ੍ਹਾਂ ਨੂੰ ਕਿਹਾ ਗਿਆ ਕਿ ''ਪ੍ਰੇਮ ਅਰ ਸ਼ੁਭ ਕਰਮਾਂ ਲਈ ਉਭਾਰਨ ਨੂੰ ਅਸੀਂ ਇਕ ਦੂਏ ਦਾ ਧਿਆਨ'' ਰੱਖੀਏ (ਇਬਰਾਨੀਆਂ 10:24)। ਇਕ ਤਰੀਕਾ, ਜਿਸ ਨਾਲ ਅਜਿਹਾ ਕੀਤਾ ਜਾ ਸਕਦਾ ਸੀ, ਉਹ ਸੀ ਕਿ ਇਕੱਠੇ ਹੋਣ ਤੇ ਇਕ ਦੂਜੇ ਨੂੰ ਉਤਸ਼ਾਹਿਤ ਕਰਨਾ। ਇਕ ਕਾਰਣ ਅਸੀਂ ਪੜ੍ਹਦੇ ਹਾਂ: *''ਆਪਸ ਵਿੱਚੀਂ ਇਕੱਠੇ ਹੋਣ ਨੂੰ ਨਾ ਛੱਡੀਏ ਜਿਵੇਂ ਕਈਆਂ ਦਾ ਦਸਤੂਰ ਹੈ ਸਗੋਂ ਇਕ ਦੂਏ ਨੂੰ ਉਪਦੇਸ਼ ਕਰੀਏ ਅਤੇ ਇਹ ਓਨਾ ਹੀ ਵਧੀਕ ਹੋਵੇ ਜਿੰਨਾ ਤੁਸੀਂ ਵੇਖਦੇ ਹੋ ਕਿ ਉਹ ਦਿਨ ਨੇੜੇ ਆਉਂਦਾ ਹੈ''* (ਇਬਰਾਨੀਆਂ 10:25)। ਅੱਜ ਲੋਕਾਂ ਲਈ, ''ਉਹ ਦਿਨ ਨੇੜੇ ਆਉਂਦਾ ਹੈ'' ਦਾ ਅਰਥ ਯਿਸੂ ਦੀ ਦੂਜੀ ਆਮਦ ਹੈ।[15] ਮਸੀਹ ਕਿਸੇ ਵੀ ਸਮੇਂ ਆ ਸਕਦਾ ਹੈ, ਸੋ ਸਾਨੂੰ ਹਰ ਵੇਲੇ ਤਿਆਰ ਰਹਿਣ ਦੀ ਲੋੜ ਹੈ (ਮੱਤੀ 25:13)।

ਬੰਦਗੀ 'ਚ ਜਾਣ ਵਿਚ ਲਾਪਰਵਾਹੀ ਕਰਨ ਵਾਲੇ ਲੋਕ ਆਮ ਤੌਰ ਤੇ ਆਪਣੇ ਮਸੀਹੀ ਜੀਵਨ ਦੀਆਂ ਹੋਰ ਗੱਲਾਂ ਵਿਚ ਵੀ ਬੇਪਰਵਾਹ ਹੋ ਜਾਂਦੇ ਹਨ। ਇਬਰਾਨੀਆਂ 10:26-31 ਇਹਦੇ ਖ਼ਿਲਾਫ਼ ਚਿਤਾਵਨੀ ਦਿੰਦਾ ਹੈ:

> ਜੇ ਅਸੀਂ ਸੱਚ ਦਾ ਗਿਆਨ ਪ੍ਰਾਪਤ ਕਰਨ ਦੇ ਪਿੱਛੋਂ ਜਾਣ ਬੁੱਝ ਕੇ ਪਾਪ ਕਰੀ ਜਾਈਏ ਤਾਂ ਪਾਪਾਂ ਦੇ ਨਮਿੱਤ ਫੇਰ ਕੋਈ ਬਲੀਦਾਨ ਨਹੀਂ। ਪਰ ਨਿਆਉਂ ਦੀ ਭਿਆਨਕ ਉਡੀਕ ਅਤੇ ਅੱਗ ਦੀ ਸੜਨ ਬਾਕੀ ਹੈ ਜਿਹੜੀ ਵਿਰੋਧੀਆਂ ਨੂੰ ਭਸਮ ਕਰ ਦੇਵੇਗੀ। ਜਿਸ ਕਿਸੇ ਨੇ ਮੂਸਾ ਦੀ ਸ਼ਰ੍ਹਾ ਦੀ ਟਾਲਨਾ ਕੀਤੀ ਹੋਵੇ ਉਹ ਦੋ ਜਾਂ ਤਿੰਨ ਗਵਾਹਾਂ ਦੀ ਗਵਾਹੀ ਨਾਲ ਬਿਨਾਂ ਤਰਸ ਕੀਤਿਆਂ ਮਾਰਿਆ ਜਾਂਦਾ ਹੈ। ਤਾਂ ਤੁਹਾਡੇ ਖ਼ਿਆਲ ਵਿਚ ਉਹ ਕਿੰਨੀ ਕੁ ਹੋਰ ਵੀ ਕਰੜੀ ਸਜ਼ਾ ਦੇ ਯੋਗ ਠਹਿਰਾਇਆ ਜਾਵੇਗਾ ਜਿਹਨੇ ਪ੍ਰਮੇਸ਼ਵਰ ਦੇ ਪੁੱਤਰ ਨੂੰ ਪੈਰਾਂ ਹੇਠ ਲਤਾੜਿਆ ਅਤੇ ਨੇਮ ਦਾ ਲਹੂ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣਿਆ ਅਤੇ ਕਿਰਪਾ ਦੇ ਆਤਮਾ ਦਾ ਅਪਜਸ ਕੀਤਾ। ਕਿਉਂ ਜੋ ਅਸੀਂ ਉਹ ਨੂੰ ਜਾਣਦੇ ਹਾਂ ਜਿਹ ਨੇ ਆਖਿਆ, ''ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ'' ਅਤੇ ਫਿਰ ਇਹ ਕਿ ''ਪ੍ਰਭੂ ਆਪਣੀ ਪਰਜਾ ਦਾ ਨਿਆਉਂ ਕਰੇਗਾ।'' ਜੀਉਂਦੇ ਪ੍ਰਮੇਸ਼ਵਰ ਦੇ ਹੱਥ ਵਿੱਚ ਪੈਣਾ ਭਿਆਣਕ ਗੱਲ ਹੈ!

ਅਸੀਂ ਵਚਨ ਵਿਚ ਪੜ੍ਹਿਆ ਹੈ ਕਿ ਮਸੀਹੀ ਲੋਕਾਂ ਨੂੰ ਹਰ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ-ਭੋਜ ਵਿਚ ਭਾਗ ਲੈਣਾ ਜ਼ਰੂਰੀ ਹੈ। ਬਹੁਤ ਸਾਰੀਆਂ ਮੰਡਲੀਆਂ ਸੁਧਾਰ ਅਤੇ ਸੰਗਤੀ ਦੇ ਮਕਸਦ ਨਾਲ ਹਫ਼ਤੇ ਦੇ ਹੋਰ ਦਿਨਾਂ ਵਿਚ ਵੀ ਇਕੱਠੀਆਂ ਹੁੰਦੀਆਂ ਰਹਿੰਦੀਆਂ ਹਨ। ਜਿਹਨੇ ਮਸੀਹ ਨੂੰ ਆਪਣਾ ਜੀਵਨ ਦੇ ਦਿੱਤਾ ਹੈ, ਉਹ ਇਨ੍ਹਾਂ ਵਿਚ ਜਿੱਥੇ ਵੀ ਭਾਗ ਲੈ ਸਕੇ, ਲਵੇਗਾ। ਇਸ ਨਾਲ ਉਹਦਾ ਮਸੀਹੀ ਵਿਕਾਸ ਹੋਵੇਗਾ ਅਤੇ ਉਸਨੂੰ ਉਨ੍ਹਾਂ ਗੱਲਾਂ ਤੇ ਧਿਆਨ ਲਾਉਣ ਵਿਚ ਮਦਦ ਮਿਲੇਗੀ ਜੋ ਅਸਲ 'ਚ ਜ਼ਰੂਰੀ ਹਨ।

## ਸਾਰ

ਕਿਸੇ ਵੀ ਧਾਰਮਿਕ ਸਮੂਹ ਦੀ ਪਰਖ ਲਈ ਬੰਦਗੀ ਬਾਰੇ ਪੁੱਛੇ ਜਾਣ ਵਾਲੇ ਸਵਾਲ ਤਿਆਰ ਕਰਨ ਲਈ ਤੁਸੀਂ ਨਵੇਂ ਨੇਮ ਦੀ ਸਿੱਖਿਆ ਵਿੱਚੋਂ ਕਾਫ਼ੀ ਕੁਝ ਸਿੱਖ ਲਿਆ ਹੈ। ਮਿਸਾਲ

ਦੇ ਤੌਰ ਤੇ, ਤੁਸੀਂ ਕਹਿ ਸਕਦੇ ਹੋ, ''ਕੀ ਇਹ ਸੰਗਠਨ ਹਰ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਭੋਜ ਵਿਚ ਭਾਗ ਲੈਂਦਾ ਹੈ?''; ''ਕੀ ਇਸ ਦੇ ਪ੍ਰਚਾਰਕ ਪ੍ਰਮੇਸ਼ਵਰ ਦੇ ਵਚਨ ਦਾ ਪ੍ਰਚਾਰ ਸੱਚਾਈ ਨਾਲ ਕਰਨ ਵਾਲੇ ਹਨ?''; ''ਕੀ ਬੰਦਗੀ ਵਿਚ ਸਿਰਫ਼ ਪੁਰਖ ਹੀ ਅਗਵਾਈ ਕਰਦੇ ਹਨ?''

ਪਰਖ ਕਰਦਿਆਂ ਆਪਣੇ ਮਨ ਦੀ ਜਾਂਚ ਕਰਨ ਨੂੰ ਨਜ਼ਰਅੰਦਾਜ਼ ਨਾ ਕਰੋ। ਆਪਣੇ ਆਪ ਤੋਂ ਪੁੱਛੋ, ''ਕੀ ਮੈਂ ਮਸੀਹੀ ਲੋਕਾਂ ਨਾਲ ਪ੍ਰਮੇਸ਼ਵਰ ਦੀ ਬੰਦਗੀ ਕਰਨ ਦਾ ਆਨੰਦ ਲੈਂਦਾ ਹਾਂ?''; ''ਬੰਦਗੀ ਵਿਚ ਆਉਂਦਿਆਂ, ਕੀ ਮੈਂ ਬੰਦਗੀ ਲਈ ਤਿਆਰ ਹੁੰਦਾ ਹਾਂ?''; ''ਉੱਥੇ ਪਹੁੰਚ ਕੇ ਕੀ ਮੈਂ ਸੱਚਮੁੱਚ ਬੰਦਗੀ ਕਰਦਾ ਹਾਂ?''[16] ਇਹ ਸਭ ਸਵਾਲ ਮਹੱਤਵਪੂਰਣ ਹਨ।

---

ਟਿੱਪਣੀਆਂ

[1]ਪ੍ਰਮੇਸ਼ਵਰ ਦੀ ਪ੍ਰੇਰਣਾ ਰਹਿਤ ਆਰੰਭਕ ਮਸੀਹੀ ਲੇਖਕਾਂ ਨੇ ਪੁਸ਼ਟੀ ਕੀਤੀ ਕਿ ''ਪ੍ਰਭੂ ਦਾ ਦਿਨ'' ਵਾਕਾਂਸ਼ ਦੀ ਵਰਤੋਂ ਕਰਦਿਆਂ ਯੂਹੰਨਾ ਹਫ਼ਤੇ ਦੇ ਪਹਿਲੇ ਦਿਨ ਦੀ ਗੱਲ ਕਰ ਰਿਹਾ ਸੀ। [2]ਯਹੂਦੀਆਂ ਦਾ ''ਪਸਾਹ'' ਨਾਮਕ ਇਕ ਤਿਉਹਾਰ ਸੀ, ਜੋ ਪ੍ਰਮੇਸ਼ਵਰ ਵੱਲੋਂ ਮਿਸਰੀਆਂ ਉੱਤੇ ਮਰੀ ਭੇਜਣ ਸਮੇਂ ਉਨ੍ਹਾਂ ਦੇ ਘਰਾਂ ਨੂੰ ''ਛੱਡ ਦੇਣ'' ਨੂੰ ਯਾਦ ਕਰਾਉਂਦਾ ਸੀ, (ਵੇਖੋ ਕੂਚ 12)। [3]ਜ਼ੋਰ ਵਿਅਕਤੀਗਤ ਯੋਗਤਾ ਤੇ ਨਹੀਂ (ਕੋਈ ਵੀ ਐਨਾ ਯੋਗ ਨਹੀਂ ਹੈ ਕਿ ਇਸ ਵਿਸ ਭਾਗ ਲੈ ਸਕੇ), ਸਗੋਂ ਭਾਗ ਲੈਣ ਦੇ *ਢੰਗ* ਤੇ ਹੈ। ''ਅਯੋਗਤਾ'' ਦੀ ਥਾਂ ਹਿੰਦੀ ਬਾਈਬਲ ਵਿਚ ''ਅਨੁਚਿਤ ਰੀਤੀ'' ਹੈ ਜੋ ਇਸ ਗੱਲ ਦਾ ਸੰਕੇਤ ਹੈ ਕਿ ਭਾਗ ਲੈਣ ਸਮੇਂ ਮਸੀਹੀ ਵਿਅਕਤੀ ਯਿਸੂ ਦੀ ਕੁਰਬਾਨੀ ਬਾਰੇ ਨਹੀਂ ਸੋਚ ਰਿਹਾ ਅਤੇ ਉਹਦਾ ਮਨ ਸ਼ੁਕਰਗੁਜ਼ਾਰੀ ਭਰਿਆ ਨਹੀਂ ਹੈ। [4]ਮੱਤੀ 26:26-29; ਮਰਕੁਸ 14:22-25; ਲੂਕਾ 22:19, 20 ਵੀ ਵੇਖੋ। [5]ਪਸਾਹ ਦੇ ਭੋਜ ਵਿਚ ਸਿਰਫ਼ ਅਖ਼ਮੀਰੀ ਰੋਟੀ ਹੀ ਵਰਤੀ ਜਾਂਦੀ ਸੀ (ਵੇਖੋ ਕੂਚ 12:15)। [6]ਮੱਤੀ 26:29; ਮਰਕੁਸ 14:25; ਲੂਕਾ 22:18 ਵੇਖੋ। ਅੱਜ ''ਅੰਗੂਰ ਦਾ ਰਸ'' ਵਾਕਾਂਸ਼ ਦੀ ਵਰਤੋਂ ਅਲੱਗ-ਅਲੱਗ ਰਸਾਂ ਲਈ ਹੋ ਸਕਦੀ ਹੈ; ਪਰ ਉਸ ਸਮੇਂ ਅਤੇ ਇਲਾਕੇ ਵਿਚ ਇਹਦਾ ਅਰਥ ਅੰਗੂਰ ਦਾ ਰਸ ਹੀ ਸੀ। [7]ਕੁਝ ਧਾਰਮਿਕ ਸੰਗਠਨਾਂ ਵਿਚ, ਸਿਰਫ਼ ਕੁਝ ਚੁਨਿੰਦਾ ਲੋਕ ਹੀ ਅੰਗੂਰ ਦੇ ਰਸ (ਜਾਂ ਦਾਖ ਰਸ) ਵਿਚ ਭਾਗ ਲੈ ਸਕਦੇ ਹਨ, ਜਦ ਕਿ ਬਾਕੀ ਦੇ ਸਿਰਫ਼ ਰੋਟੀ ਵਿਚ। ਇਹ ਨਵੇਂ ਨੇਮ ਦੇ ਨਮੂਨੇ ਦੇ ਉਲਟ ਹੈ। [8]ਨਵੇਂ ਨੇਮ ਵਿਚ ''ਰੋਟੀ ਤੋੜਨਾ'' ਵਾਕਾਂਸ਼ ਆਮ ਖਾਣੇ ਲਈ ਵੀ ਹੋ ਸਕਦਾ ਹੈ। ਸੰਦਰਭ ਤੋਂ ਪਤਾ ਲਗਦਾ ਹੈ ਕਿ ਇਸ ਦਾ ਅਰਥ ਸਧਾਰਣ ਖਾਣਾ ਹੈ ਜਾਂ ਪ੍ਰਭੂ ਭੋਜ। [9]ਸਾਨੂੰ ਚੰਗੀ ਤਰ੍ਹਾਂ ਪਤਾ ਨਹੀਂ ਹੈ ਕਿ ਪੌਲੁਸ ਨੇ ਉਨ੍ਹਾਂ ਨੂੰ ਕੀ ਕਿਹਾ, ਪਰ ਇਨਾ ਪਤਾ ਹੈ ਕਿ ਪ੍ਰਮੇਸ਼ਵਰ ਦਾ ਵਚਨ ਸਦਾ ਉਹਦੇ ਮੂੰਹ ਵਿਚ ਰਹਿੰਦਾ ਸੀ। ਇਕ ਉਦਾਹਰਣ ਲਈ ਕਿ ਉਸ ਨੇ ਓਸੇ ਸਫ਼ਰ ਵਿਚ ਦੂਜੇ ਮਸੀਹੀ ਲੋਕਾਂ ਨੂੰ ਕੀ ਦੱਸਿਆ, ਰਸੂਲਾਂ ਦੇ ਕੰਮ 20:31, 32 ਵੇਖੋ। [10]ਇਹ ਕਹਿਣ ਦੀ ਲੋੜ ਨਹੀਂ ਹੋਣੀ ਚਾਹੀਦੀ ਕਿ ਪਹਿਲਾਂ ਪ੍ਰਚਾਰਕ ਨੂੰ ਵਿਸ਼ਵਾਸ ਹੋਣਾ ਜ਼ਰੂਰੀ ਹੈ ਕਿ ਬਾਈਬਲ ਪ੍ਰਮੇਸ਼ਵਰ ਵੱਲੋਂ ਹੈ। ਦੁੱਖ ਦੀ ਗੱਲ ਹੈ ਕਿ ਕੁਝ ਡਿਨੋਮਿਨੇਸ਼ਨਾਂ ਅਰਥਾਤ ਫਿਰਕੂ ਕਲੀਸੀਆਵਾਂ ਦੇ ਪੁਲਪਿਟਾਂ ਤੋਂ ਅਜਿਹੇ ਲੋਕਾਂ ਰਾਹੀਂ ਪ੍ਰਚਾਰ ਕੀਤਾ ਜਾ ਰਿਹਾ ਹੈ ਜੋ ਬਾਈਬਲ ਨੂੰ ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਦਿੱਤਾ ਹੋਇਆ *ਨਹੀਂ* ਮੰਨਦੇ।

[11]1 ਤਿਮੋਥਿਉਸ 2:8, 11, 12 ਵੀ ਵੇਖੋ। ਨਵਾਂ ਨੇਮ ਖ਼ਾਸ ਹਲਾਤ ਵਿਚ ਔਰਤਾਂ ਨੂੰ ਪ੍ਰਚਾਰ ਕਰਨ ਦੀ ਇਜਾਜ਼ਤ ਦਿੰਦਾ ਹੈ (ਰਸੂਲਾਂ ਦੇ ਕੰਮ 18:26), ਪਰ ਬੰਦਗੀ ਲਈ ਕਲੀਸੀਆ ਦੇ ਇਕੱਠੇ ਹੋਣ ਸਮੇਂ ਔਰਤਾਂ ਸਿੱਖਿਆ ਦੇਣ ਜਾਂ ਪ੍ਰਚਾਰ ਦਾ ਕੰਮ ਨਾ ਕਰਨ। [12]''ਆਮੀਨ'' ਦਾ ਸਰਲ ਅਰਥ ਹੈ ''ਇਸੇ ਤਰ੍ਹਾਂ ਹੋਵੇ।'' ਇਹ ਸਿਰਫ਼ ''ਦੁਆ ਖ਼ਤਮ ਕਰਨ ਲਈ'' ਵਰਤਿਆ ਜਾਣ ਵਾਲਾ ਸ਼ਬਦ ਹੀ ਨਹੀਂ ਹੈ। ਉਦਾਹਰਣ ਲਈ, ਜਦ ਤੁਸੀਂ ਪ੍ਰਚਾਰਕ ਦੀ ਕਿਸੇ ਗੱਲ ਨਾਲ ਸਹਿਮਤ ਹੁੰਦੇ ਹੋ, ਤਾਂ ਇਸ ਸਹਿਮਤੀ ਨੂੰ ਤੁਸੀਂ ''ਆਮੀਨ'' ਕਹਿ ਕੇ ਜਤਾ ਸਕਦੇ ਹੋ। [13]ਇਹ ਚੰਦਾ ਆਮ ਤੌਰ ਤੇ ਧਨ ਦਾ ਚੰਦਾ ਹੀ ਹੈ, ਪਰ ਹੋਰ ਵਸਤਾਂ ਦਾ ਯੋਗਦਾਨ ਵੀ ਦਿੱਤਾ ਜਾ ਸਕਦਾ ਹੈ। ''ਆਪਣੀ ਉਕਾਤ ਅਨੁਸਾਰ'' ਯਾਨੀ ਆਪਣੀ ਕਮਾਈ ਮੁਤਾਬਕ। ਸ਼ਬਦ ਦੀ ਅਜੋਕੀ ਵਰਤੋਂ ਬਗੈਰ ਵੀ ਤੁਹਾਡੀ ''ਉਕਾਤ'' ਬਾਈਬਲ ਦੇ ਅਨੁਸਾਰ ਹੋ ਸਕਦੀ ਹੈ। [14]ਪਹਿਲੀ ਵਾਰ ਪੜ੍ਹਨ ਤੇ, ਲਗ ਸਕਦਾ ਹੈ ਕਿ ਹਰ ਮਸੀਹੀ ਨੂੰ ਲੁਕਾ ਕੇ ਆਪਣਾ ਧਨ ਵੱਖ ਕਰਕੇ ਰੱਖਣਾ ਚਾਹੀਦਾ ਹੈ। ਪਰ ਇਹ ਓਸੇ ਗੱਲ ਨੂੰ ਜ਼ਰੂਰੀ ਕਰ ਦਿੰਦਾ ਹੈ ਜਿਸ ਤੋਂ

ਬਚਣ ਦੀ ਪੌਲੁਸ ਕੋਸ਼ਿਸ਼ ਕਰ ਰਿਹਾ ਸੀ ਕਿ ਉਸ ਦੇ ਆਉਣ ਤੇ ਚੰਦਾ ਜਮ੍ਹਾ ਨਾ ਕਰਨਾ ਪਵੇ। ਇਹ ''ਚੰਦਾ'' ਸੀ ਜਿਸ ਨੂੰ ਕਲੀਸੀਆ ਨੇ ''ਆਪਣੇ ਕੋਲ ਰੱਖ'' ਛੱਡਣ ਦੀ ਕੋਸ਼ਿਸ਼ ਸਾਂਝੇ ਫ਼ੰਡ (ਜਿਸ ਨੂੰ ਕਈ ਵਾਰ ''ਕਲੀਸੀਆ ਦਾ ਭੰਡਾਰ'' ਕਿਹਾ ਜਾਂਦਾ ਹੈ) ਵਿਚ ਧਨ ਰੱਖਣ ਲਈ ਕਲੀਸੀਆ ਦਾ ਸਾਂਝਾ ਕੰਮ ਹੁੰਦਾ ਹੋਵੇਗਾ। [15]ਕੁਝ ਲੋਕਾਂ ਦਾ ਵਿਚਾਰ ਹੈ ਕਿ ਇਬਰਾਨੀਆਂ ਦੀ ਕਿਤਾਬ ਦੇ ਮੂਲ ਪਾਠਕਾਂ ਲਈ ਇਹ ''ਦਿਨ'' ਦਾ ਅਰਥ ਯਰੂਸ਼ਲਮ ਵਿਚ ਵਿਨਾਸ਼ ਦਾ ਦਿਨ ਸੀ। [16]ਛੋਟੇ ਬੱਚਿਆਂ ਦੀਆਂ ਮਾਵਾਂ ਲਈ ਮੈਨੂੰ ਇਹ ਵਿਸ਼ੇਸ਼ ਟਿੱਪਣੀ ਵੀ ਜੋੜਨੀ ਪਵੇਗੀ: ਛੋਟੇ ਬੱਚਿਆਂ ਨਾਲ ਬੰਦਗੀ ਕਰਨਾ ਔਖਾ ਹੁੰਦਾ ਹੈ, ਪਰ ਵਿਸ਼ਵਾਸ ਨਾਲ ਬੰਦਗੀ ਵਿਚ ਜਾਣਾ ਬੰਦ ਨਹੀਂ ਕਰਨਾ ਚਾਹੀਦਾ। ਇਬਾਦਤ ਦੇ ਦੌਰਾਨ ਜਿੱਥੋਂ ਤਕ ਹੋ ਸਕੇ, ਦਿਲੋ ਜਾਨ ਨਾਲ ਬੰਦਗੀ ਕਰੋ। ਪ੍ਰਮੇਸ਼ਵਰ ਸਮਝ ਜਾਏਗਾ ਕਿ ਤੁਸੀਂ ਆਪਣੇ ਬੱਚਿਆਂ ਨੂੰ ''ਪ੍ਰਭੂ ਦੀ ਸਿੱਖਿਆ ਅਤੇ ਮੱਤ ਦੇ ਕੇ ਉਨ੍ਹਾਂ ਦੀ ਪਾਲਣਾ'' (ਅਫ਼ਸੀਆਂ 6:4) ਕਰ ਰਹੇ ਹੋ।